# 5

# ਗਤਸਮਨੀ

## ਮੱਤੀ 26:36-46; ਮਰਕੁਸ 14:32-42; ਲੂਕਾ 22:39-46; ਯੂਹੰਨਾ 18:1

*''ਤਦ ਯਿਸੂ ... ਗਤਸਮਨੀ ਨਾਮੇ ਇਕ ਥਾਂ ਆਇਆ ...'' (ਮੱਤੀ 26:36)।*

ਸਲੀਬ 'ਤੇ ਜਾਣ ਤੋਂ ਪਹਿਲਾਂ ਯਿਸੂ ਉਸ ਕੁਰਬਾਨੀ ਬਾਰੇ ਜੋ ਸਾਡੇ ਲਈ ਦੇਣ ਵਾਲਾ ਸੀ ਦੁਆ ਕਰਨ ਲਈ ਯਰੂਸ਼ਲਮ ਨੇੜੇ ਇਕ ਬਾਗ਼ ਗਤਸਮਨੀ ਵਿਚ ਗਿਆ। ''ਗਤਸਮਨੀ'' ਦਾ ਸਰਲ ਅਰਥ ਹੈ ''ਕੋਹਲੂ।'' ਯਰੂਸ਼ਲਮ ਤੋਂ ਨਾਲੇ ਦੇ ਪਾਰ ਜੈਤੂਨ ਪਹਾੜ 'ਤੇ ਇਹ ਬਾਗ਼ ਯਰੂਸ਼ਲਮ ਵਿਚ ਰਹਿਣ ਸਮੇਂ ਯਿਸੂ ਲਈ ''ਦੁਆ ਦਾ ਥਾਂ'' ਸੀ (ਯੂਹੰਨਾ 18:1, 2)। ਉਹਦੇ ਸਮੇਂ ਦੀ ਕਹਾਣੀ ਦਿਲ-ਟੁੰਬਵੀਂ, ਬੇਸ਼ਕੀਮਤੀ, ਡੂੰਘੀ ਅਤੇ ਗ਼ੈਰ ਮਾਮੂਲੀ ਸੀ!

*ਦੁਆ ਦਾ ਸਮਾਂ!* ਰਾਤ ਲੰਮੀ ਹੋਣ ਵਾਲੀ ਸੀ ਅਤੇ ਸ਼ੁੱਕਰਵਾਰ ਸੰਤਾਪ ਦਾ ਲੰਮਾ ਦਿਨ ਹੋਣਾ ਸੀ। ਉਹਨੇ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਬਾਗ਼ ਦੇ ਵਿਚਕਾਰ ਲਿਜਾ ਕੇ ਅੱਠ ਰਸੂਲਾਂ ਨੂੰ ਬਾਗ਼ ਦੇ ਬਾਹਰ ਹੀ ਰਹਿਣ ਦਿੱਤਾ। ਉਹਨੇ ਇਕਾਂਤ ਵਿਚ ਜਾਣ ਲੱਗਿਆਂ ਇਨ੍ਹਾਂ ਤਿੰਨਾਂ ਨੂੰ ''ਜਾਗਦੇ ਰਹੋ ਅਤੇ ਦੁਆ ਕਰੋ'' ਦਾ ਹੁਕਮ ਦੇ ਕੇ ਛੱਡ ਦਿੱਤਾ (ਮੱਤੀ 26:41; ਮਰਕੁਸ 14:38)।

ਯਿਸੂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹਦਾ ''ਸਮਾਂ'' ਆਉਣ ਵਾਲਾ ਸੀ। ਇਸ ਸਮੇਂ ਲਈ ਉਹਦਾ ਰੂਪਕੀ ਸ਼ਬਦ ''ਪਿਆਲਾ'' ਸੀ (ਵੇਖੋ ਮੱਤੀ 26:39; ਮਰਕੁਸ 14:36; ਲੂਕਾ 22:42)। ਇਹ ''ਪਿਆਲਾ'' ਕੀ ਸੀ? ਪੂਰੇ ਅਨਾਦੀਕਾਲ ਦੀ ਲੜਾਈ ਖ਼ੁਦਾ ਅਤੇ ਸ਼ੈਤਾਨ ਦਰਮਿਆਨ ਹੋ ਰਹੀ ਸੀ। ਜਿੱਤਣ ਵਾਲੇ ਨੂੰ ਸਭ ਕੁਝ ਮਿਲ ਜਾਣਾ ਸੀ। ਮਨੁੱਖਤਾ ਦਾਅ 'ਤੇ ਲੱਗੀ ਹੋਈ ਸੀ। ਯਿਸੂ ਨੇ ਸ਼ੈਤਾਨ, ਪਾਪ, ਮੌਤ ਅਤੇ ਨਰਕ ਨੂੰ ਜਿੱਤਣ ਲਈ ... ਇਕੱਲੇ ਜੰਗ ਲੜੀ! ਸਲੀਬ 'ਤੇ ਉਹਨੇ ਪੁਕਾਰਿਆ, ''ਹੇ ਮੇਰੇ ਪ੍ਰਮੇਸ਼ਵਰ, ਹੇ ਮੇਰੇ ਪ੍ਰਮੇਸ਼ਵਰ, ਤੂੰ ਮੈਨੂੰ ਕਿਉਂ ਛੱਡ ਦਿੱਤਾ?'' (ਮੱਤੀ 27:46; ਮਰਕੁਸ 15:34)। (1) ਉਹਨੂੰ ਉਹ ਭਾਵ ਪਾਪ ਬਣਾਇਆ ਜਾਣਾ ਸੀ ਜਿਸ ਤੋਂ ਖ਼ੁਦਾ ਨੂੰ ਨਫ਼ਰਤ ਹੈ। (2) ਖ਼ੁਦਾ ਦਾ ਅਬਦੀ ਕਹਿਰ ਉਹਦੇ 'ਤੇ ਡੋਲ੍ਹਿਆ ਜਾਣ ਵਾਲਾ ਸੀ। (3) ਅਨਾਦੀਕਾਲ ਵਿਚ ਸਿਰਫ਼ ਇੱਕੋ ਵਾਰ, ਖ਼ੁਦਾ ਬਾਪ ਅਤੇ ਬੇਟਾ ਮਸੀਹ ਵੱਖ ਹੋਣੇ ਸਨ। ਭਿਆਨਕ ਤੋਂ ਵੀ ਭਿਆਨਕ! ਤਾਂ ਵੀ ਯਿਸੂ ਮਨੁੱਖਤਾ ਨੂੰ ਬਚਾਉਣ ਲਈ ਇਸ ਇੰਤਜ਼ਾਮ ਤੋਂ ਬਾਹਰ ਨਹੀਂ ਆਉਣਾ ਚਾਹੁੰਦਾ ਸੀ। ਉਹ ਆਪਣੀ ਮਨੁੱਖਤਾ ਵਿਚ ਕਦੇ ਅੱਖੜ ਨਹੀਂ ਸੀ।

ਯਿਸੂ ਨੇ ਆਪਣੇ ਫੜਵਾਏ ਜਾਣ ਦੀ ਪਹਿਲਾਂ ਹੀ ਨਬੂਵਤ ਕੀਤੀ ਸੀ। ਉਹ ਕਿੰਨਾ ਦੁਖੀ,

ਆਹਤ ਅਤੇ ਠੁਕਰਾਇਆ ਹੋਇਆ ਲਗਦਾ ਹੋਵੇਗਾ! ਯਹੂਦਾ ਨੇ ਉਹਨੂੰ ਫੜਵਾਉਣਾ ਸੀ ਜਦ ਕਿ ਪਤਰਸ ਨੇ ਉਹਦਾ ਇਨਕਾਰ ਕਰਨਾ ਸੀ। ਬਾਰ੍ਹਾਂ ਰਸੂਲਾਂ ਵਿੱਚੋਂ ਇੱਕੋ (ਯੂਹੰਨਾ) ਨੇ ਹੀ ਸਲੀਬ ਦੇ ਨੇੜੇ ਰਹਿਣਾ ਸੀ। ਖ਼ੁਦਾ ਦੇ ਚੁਣੇ ਹੋਏ ਲੋਕਾਂ ਭਾਵ ਇਸਰਾਏਲੀਆਂ ਨੇ ਇਕ ਆਮ ਮ੍ ਜ ਰ ਮ (ਬਰਅੱਬਾ) ਦੀ ਖ਼ਾਤਰ ਉਹਨੂੰ ਠੁਕਰਾਉਣਾ ਸੀ।

ਮਸੀਹ ਦੀ ਅਹਿਮ ਸੇਵਕਾਈ ਦੁਆ ਹੀ ਸੀ। ਦੁਆ ਦੀ ਜੇ ਯਿਸੂ ਨੂੰ ਲੋੜ ਸੀ, ਤਾਂ ਸਾਨੂੰ ਉਸ ਤੋਂ ਕਿੰਨੀ ਵੱਧ ਲੋੜ ਹੈ? ਉਹਨੇ ਆਪਣੇ ਨਾਲ ਜਾਗਦੇ ਰਹਿਣ ਲਈ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਸੱਦਿਆ, ਪਰ ਉਨ੍ਹਾਂ ਨੂੰ ਨੀਂਦ ਆ ਗਈ। ਉਹਨੇ ਗੋਡੇ ਨਿਵਾਏ ਅਤੇ ਮੂੰਹ ਭਾਰ ਡਿੱਗ ਗਿਆ। ਦੁਆ ਕਰਦਿਆਂ ਉਹ ਖ਼ੁਦਾ ਅੱਗੇ ਹਾੜੇ ਕੱਢਦਾ ਰਿਹਾ।

ਦੁਆ ਇਹ ਗਰੰਟੀ ਨਹੀਂ ਹੈ ਕਿ ਖ਼ੁਦਾ ਸਾਡੀ ਹਰ ਖ਼ਾਹਿਸ਼ ਪੂਰੀ ਕਰ ਦੇਵੇਗਾ। ਸਾਡੀਆਂ ਦੁਆਵਾਂ ਉਹਦੀ ਇੱਛਾ ਮੁਤਾਬਕ ਹੋਣੀਆਂ ਜ਼ਰੂਰੀ ਹਨ। ਯਿਸੂ ਨੇ ਖ਼ੁਦਾ ਨੂੰ ਯਾਦ ਦੁਆਇਆ ਕਿ ਉਹ ਅਸੰਭਵ ਨੂੰ ਸੰਭਵ ਕਰਨ ਵਾਲਾ ਖ਼ੁਦਾ ਹੈ!

ਅਬਦੀ ਫ਼ੈਸਲੇ ਸਿਰਫ਼ ਦੁਆ ਵਿਚ ਹੀ ਲਏ ਜਾ ਸਕਦੇ ਹਨ। ਬਿਨਾ ਦੁਆ ਦੇ ਕੋਈ ਵੀ ਮਸਲਾ ਸੁਲਝਾਇਆ ਨਹੀਂ ਜਾ ਸਕਦਾ। ਯਿਸੂ ਨੂੰ ਖ਼ੁਦਾ ਵੱਲੋਂ ਮੰਗੀ ਕੁਰਬਾਨੀ ਲਈ ਆਪਣੇ ਦਿਲ ਨੂੰ ਸਮਝਾਉਣ ਲਈ ਦੁਆ ਵਿਚ ਜੱਦੋ-ਜਹਿਦ ਕਰਨੀ ਪਈ ਸੀ। ਜੋ ਦੁਆ ਉਹਨੇ ਕੀਤੀ ਉਹ ਅੱਜ ਤਕ ਦੀ ਸੱਭ ਤੋਂ ਔਖੀ ਦੁਆ ਹੈ। ਮਸੀਹ ਦੀ ਜ਼ਿੰਦਗੀ ਵਿਚ ਇਹ ''ਸੱਭ ਤੋਂ ਪਵਿੱਤਰ'' ਸੀ। ਉਹਦੀਆਂ ਆਖ਼ਰੀ ਸਿੱਖਿਆਵਾਂ ਇਨ੍ਹਾਂ ਦੁਆਵਾਂ ਰਾਹੀਂ ਹੀ ਦਿੱਤੀਆਂ ਗਈਆਂ ਸਨ।

ਖ਼ੁਦਾ ਨੇ ਯਿਸੂ ਦੀ ਦੁਆ ਦਾ ਜਵਾਬ ਓਸੇ ਵੇਲੇ ਦਿੱਤਾ। ਇਕ ਫ਼ਰਿਸ਼ਤਾ ਉਹਨੂੰ ਸਹਾਰਾ ਦੇਣ ਲਈ ਆਇਆ (ਲੂਕਾ 22:43)। ਇਕ ਫ਼ਰਿਸ਼ਤਾ? *ਇੱਕੋ ਹੀ?* ਖ਼ੁਦਾ ਨੇ ਖ਼ਾਲੀ ਕਬਰ 'ਤੇ ਮਰੀਅਮ ਮਗਦਲੀਨੀ ਅਤੇ ਹੋਰ ਔਰਤਾਂ ਕੋਲ ਦੋ ਫ਼ਰਿਸ਼ਤੇ ਭੇਜੇ ਸਨ (ਲੂਕਾ 24:1-10; ਯੂਹੰਨਾ 20:11, 12)। ਯਿਸੂ ਫ਼ਰਿਸ਼ਤਿਆਂ ਦੀਆਂ ਬਾਰਾਂ ਫ਼ੌਜਾਂ ਸੱਦ ਸਕਦਾ ਸੀ (ਮੱਤੀ 26:53), ਪਰ ਉਹਨੂੰ *ਇੱਕੋ* ਮਿਲਿਆ? ਮਨੁੱਖੀ ਜ਼ਿੰਮੇਵਾਰੀ ਦਾ ਬਦਲ ਅਲੌਕਿਕ ਚਮਤਕਾਰ ਨਹੀਂ ਹੋ ਸਕਦਾ ਸੀ। ਯਿਸੂ ਨਾਲੋਂ ਹੋਰ ਵੱਧ ਕਿਹਨੂੰ ਪਤਾ ਸੀ ਕਿ ''ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ ਹੈ'' (ਮੱਤੀ 26:41; ਮਰਕੁਸ 14:38)। ਪਾਪੀ ਮਨੁੱਖ ਨੂੰ ਸਿਰਫ਼ ਮਨੁੱਖਤਾ ਵਿਚ ਹੀ ਬਚਾਇਆ ਜਾ ਸਕਦਾ ਸੀ। ਮਨੁੱਖ ਦੇ ਰੂਪ ਵਿਚ ਯਿਸੂ ਨੇ ਉਹ ਕੀਤਾ ਜੋ ਕੋਈ ਮਨੁੱਖ ਨਹੀਂ ਕਰ ਸਕਦਾ ਸੀ: ''ਉਹਨੇ ਉਨ੍ਹੀਂ ਦਿਨੀਂ ਜਦੋਂ ਦੇਹ ਧਾਰੀ ਹੋਈ ਸੀ ਬਹੁਤ ਢਾਹਾਂ ਮਾਰ ਮਾਰ ਕੇ ਅਤੇ ਹੰਝੂ ਕੇਰ ਕੇਰ ਕੇ ਉਹਦੇ ਅੱਗੇ ਜਿਹੜਾ ਉਸ ਨੂੰ ਮੌਤ ਤੋਂ ਬਚਾ ਸਕਦਾ ਸੀ ਬੇਨਤੀ ਅਤੇ ਮਿੰਨਤਾਂ ਕੀਤੀਆਂ ਅਤੇ ਪ੍ਰਮੇਸ਼ਵਰ ਦਾ ਭੈ ਰੱਖਣ ਦੇ ਕਾਰਣ ਉਹਦੀ ਸੁਣੀ ਗਈ'' (ਇਬਰਾਨੀਆਂ 5:7)।

ਸਲੀਬ ਵਿਚ ਵੀ ਗਤਸਮਨੀ ਜਿੰਨੀ ਬੇਚੈਨੀ ਨਹੀਂ ਸੀ। ਲਿਖਤ ਵਿਚ ਸਿਰਫ਼ ਇੱਕੋ ਵਾਰ ਯਿਸੂ ਨੇ ਖ਼ੁਦਾ ਨੂੰ ''ਅੱਬਾ'' (''ਡੈਡੀ'' ਨਾਲ ਮਿਲਦਾ-ਜੁਲਦਾ ਅਰਾਮੀ ਭਾਸ਼ਾ ਦਾ ਸ਼ਬਦ) ਓਸੇ ਬਾਗ ਵਿਚ ਆਖਿਆ (ਮਰਕੁਸ 14:36) ਸੀ। ਗਤਸਮਨੀ ਵਿਚ ਯਿਸੂ ਨਾ ਲੁਕਿਆ, ਨਾ ਨੱਸਾ ਅਤੇ ਨਾ ਉਹਨੇ ਕਿਸੇ ਨਾਲ ਲੜਾਈ ਕੀਤੀ ... ਉਹਨੇ ਦੁਆ ਹੀ ਕੀਤੀ।

*ਫ਼ੈਸਲਾ ਲੈਣ ਦੀ ਘੜੀ!* ਅਲੋਚਕ ਯਿਸੂ ਵਿਚ ਹਿੰਮਤ ਦੀ ਘਾਟ ਦੱਸਦੇ ਹਨ ਅਤੇ ਉਹਨੂੰ ਬੁਜ਼ਦਿਲ ਤਕ ਆਖਦੇ ਹਨ। ਇਹ ਉਸ ਸਭ ਦੇ ਉਲਟ ਹੋਵੇਗਾ ਜੋ ਯਿਸੂ *ਹੈ!* ਯਿਸੂ ਬੁਜ਼ਦਿਲ ਨਹੀਂ ਸੀ। ਉਹ ਮੌਤ, ਤਕਲੀਫ਼ ਜਾਂ ਸਲੀਬ ਤੋਂ ਨਹੀਂ ਡਰਦਾ ਸੀ। ਉਹ ਖ਼ੁਦਾ ਨੂੰ ਸਲੀਬ

ਹਟਾਉਣ ਲਈ ਨਹੀਂ ਆਖ ਰਿਹਾ ਸੀ। ਸਲੀਬ ਤਾਂ ਖ਼ੁਦਾ ਦੀ ਸਨਾਤਨ ਮੰਸ਼ਾ ਸੀ। ਖ਼ੁਦਾ ਦਾ ਇਲਾਹੀ ਪੁੱਤਰ ਹੋਣ ਕਰਕੇ, ਉਹ ਸਾਡੇ ਪਾਪਾਂ ਲਈ ਆਖ਼ਰੀ ਕੁਰਬਾਨੀ ਦੇਣ ਲਈ ਤਿਆਰ ਸੀ, ਪਰ ਮਨੁੱਖ ਹੋਣ ਨਾਤੇ ਉਹ ਹੋਰ ਤਰੀਕਾ ਲੱਭਣਾ ਚਾਹੁੰਦਾ ਸੀ। ਸਲੀਬ ਦਾ ਇਹੀ ਭੇਤ ਹੈ।

ਖ਼ੁਦਾ ਦੀ ਇੱਛਾ ਨੂੰ ਮੰਨ ਲੈਣ ਲਈ ਯਿਸੂ ਦੀ ਲੜਾਈ ਗਲਗਥਾ ਵਿਚ ਪਹੁੰਚਣ ਤੋਂ ਪਹਿਲਾਂ ਗਤਸਮਨੀ ਵਿਚ ਹੀ ਜਿੱਤ ਲਈ ਗਈ ਸੀ।[1] ਇਸ ਬਾਗ਼ ਵਿਚ ਖ਼ੁਦਾ ਨੇ ਆਖਿਆ ਨਹੀਂ ਜਦਕਿ ਯਿਸੂ ਨੇ ਆਖਿਆ ਹਾਂ। ਯਿਸੂ ਨੇ ਪਾਪ ਨੂੰ ਦਿੱਤਾ ਜਾਣ ਵਾਲਾ ਖ਼ੁਦਾਈ ਨਿਆਂ ਅਤੇ ਸਜ਼ਾ ਕਬੂਲ ਕਰ ਲਈ। ''ਪੂਰਾ ਹੋਇਆ ਹੈ!'' ਸਲੀਬ 'ਤੇ ਆਖਿਆ ਗਿਆ ਸੀ, ਪਰ ਖ਼ੁਦਾ ਦੀ ਯੋਜਨਾ ਨੂੰ ਮੰਨਣ ਦਾ ਉਹਦਾ ਫ਼ੈਸਲਾ ਗਤਸਮਨੀ ਵਿਚ ਲਿਆ ਗਿਆ ਸੀ। ਯਿਸੂ ਨੇ ਆਪਣੀ ਰੂਹ ਬਾਗ਼ ਵਿਚ ਅਤੇ ਆਪਣੀ ਦੇਹ ਸਲੀਬ 'ਤੇ ਦੇ ਦਿੱਤੀ।

ਅਥਲੈਟਿਕ ਖੇਡਾਂ ਵਿਚ ਤਿਆਰੀ, ਫ਼ੈਸਲਾ ਲੈਣ ਅਤੇ ਸਮਰਪਣ ਨਾਲ ਹੀ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਯਿਸੂ ਨੇ ਗਤਸਮਨੀ ਵਿਚ ਲੜਾਈ ਜਿੱਤ ਲਈ। *ਸਲੀਬ 'ਤੇ ਜਾਣ ਤੋਂ ਪਹਿਲਾਂ ਵੱਡਾ ਫ਼ੈਸਲਾ ਲੈ ਲਓ। ਜੋ ਕੁਝ ਕਰਨਾ ਹੈ ਉਹਦਾ ਫ਼ੈਸਲਾ ਲੈਣ ਲਈ ਸਲੀਬ ਚੜ੍ਹਨ ਦੀ ਉਡੀਕ ਨਾ ਕਰੋ।*

*ਤਕਲੀਫ਼ ਦੀ ਘੜੀ!* ਗਤਸਮਨੀ ਵਿਚ ਕਲਵਰੀ ਨਾਲੋਂ ਬਹੁਤਾ ਕਲੇਸ਼ ਹੋਵੇਗਾ। ਜਿੰਨੀ ਤਕਲੀਫ਼ ਯਿਸੂ ਨੇ ਉਦੋਂ ਝੱਲੀ, ਕਦੇ ਕਿਸੇ ਹੋਰ ਨੇ ਨਹੀਂ ਝੱਲੀ। ਪਵਿੱਤਰ ਲਿਖਤ ਸਲੀਬ 'ਤੇ ਉਹਦੀ ਤਕਲੀਫ਼ ਨਾਲੋਂ ਗਤਸਮਨੀ ਵਿਚ ਹੋਣ ਵਾਲੀ ਤਕਲੀਫ਼ ਨੂੰ ਬਹੁਤਾ ਦੱਸਦੀ ਸੀ।

ਬੇਹੱਦ ਤਕਲੀਫ਼ ਵਿਚ, ''ਉਹ ਦਾ ਮੁੜ੍ਹਕਾ ਲਹੂ ਦੀਆਂ ਬੂੰਦਾਂ ਵਾਂਗੂੰ ਭੁੰਜੇ ਡਿੱਗਦਾ ਸੀ'' (ਲੂਕਾ 22:44)। ਉਹ ਮੌਤ ਦੇ ਸੰਤਾਪ ਵਿਚ ਸੀ। ਉਹਦਾ ਪਸੀਨਾ ਲਹੂ ਦੀਆਂ ਬੂੰਦਾਂ ਬਣ *ਗਿਆ।* ਇਹ ਇਕ ਨਾਯਾਬ ਘਟਨਾ ਹੈ (ਜਿਹਨੂੰ ਹੀਮਾਟਾਈਡ੍ਰੋਸਿਸ ਜਾਂ ਹੀਮੋਹਾਈਡ੍ਰੋਸਿਸ ਕਿਹਾ ਜਾਂਦਾ ਹੈ)। ਉਹਨੇ ਇਸ ਤਰ੍ਹਾਂ ਇੱਕੋ ਵਾਰ ਨਹੀਂ, ਤਿੰਨ ਵਾਰ ਦੁਆ ਕੀਤੀ! ਉਹਨੇ ਦੁਆ ਕੀਤੀ, ''ਜੇ ਤੈਨੂੰ ਭਾਵੇ ਤਾਂ ਇਹ ਪਿਆਲਾ ਮੈਥੋਂ ਹਟਾ ਦੇ।'' ਉਹਦੇ ਅਲੋਚਕ ਸਹੀ ਆਖ ਰਹੇ ਸਨ ਕਿ ''ਉਸ ਨੇ ਹੋਰਨਾਂ ਨੂੰ ਬਚਾਇਆ, ਆਪਣੇ ਆਪ ਨੂੰ ਨਹੀਂ ਬਚਾ ਸਕਦਾ!'' (ਮੱਤੀ 27:42; ਮਰਕੁਸ 15:31; ਵੇਖੋ ਲੂਕਾ 23:35)। ਖ਼ੁਦਾ ਨੇ ਯਿਸੂ ਦੀ ਦੁਆ ਦਾ ਜਵਾਬ ਦਿੱਤਾ! ਉਹਨੇ ਯਿਸੂ ਨੂੰ ਨਹੀਂ ਬਖ਼ਸ਼ਿਆ, ਪਰ ਸਾਨੂੰ ਬਚਾ ਲਿਆ! ਯਿਸੂ ਆਪਣੇ ਆਪ ਨੂੰ ਤਾਂ ਨਹੀਂ ਬਚਾ ਸਕਿਆ ਪਰ, ਫਿਰ ਵੀ ਸਾਡਾ ਮੁਕਤੀਦਾਤਾ ਬਣ ਗਿਆ। *ਸਲੀਬ ਤੋਂ ਛੁੱਟ ਹੋਰ ਰਾਹ ਹੀ ਨਹੀਂ ਸੀ!*

ਖ਼ੁਦਾ ਦਾ ਤਿਆਗਿਆ ਹੋਇਆ ਇਹ ਪੁੱਤਰ ਮਸੀਹੀ ਦੀਨ ਦਾ ਸ਼ੋ ਪੀਸ ਹੈ। ਸਲੀਬ 'ਤੇ ਝੱਲੀ ਯਿਸੂ ਦੀ ਜਿਸਮਾਨੀ ਤਕਲੀਫ਼ ਨੂੰ ਘੱਟ ਨਾ ਜਾਣੋ। ਇਹ ਬਹੁਤ ਭਿਆਨਕ ਸੀ! ਪਰ ਬਾਈਬਲ ਸਿਰਫ਼ ਇਨਾ ਹੀ ਆਖਦੀ ਹੈ ਕਿ ਉਹਨੇ ਤਕਲੀਫ਼ ਝੱਲੀ। ''ਯਿਸੂ ਦਾ ਲਹੂ ਪਸੀਨਾ'' ਸਲੀਬ 'ਤੇ ਨਹੀਂ ਗਤਸਮਨੀ ਵਿਚ ਹੀ ਬਣਿਆ ਸੀ। ਖ਼ੁਦਾ ਨੇ ਉਹਨੂੰ ਹਿੰਮਤ ਦੇਣ ਲਈ ਫ਼ਰਿਸ਼ਤੇ ਨੂੰ ਬਾਗ ਵਿਚ ਹੀ ਭੇਜਿਆ (ਲੂਕਾ 22:43)। ਸਲੀਬ 'ਤੇ ਕੋਈ ਫ਼ਰਿਸ਼ਤਾ ਨਹੀਂ ਭੇਜਿਆ ਗਿਆ ਸੀ।

*ਸਲੀਬ ...*
*ਹੋਰ ਰਾਹ ਹੀ ਨਹੀਂ!*